# ਪੁੱਛ ਲੈਣਾ **ਠੀਕ** ਹੈ

## ਤੁਹਾਡੇ ਸਿਹਤ ਸੰਭਾਲ ਦੀ ਟੀਮ ਨੂੰ ਪੁੱਛਣ ਲਈ ਸਵਾਲ, ਤੁਹਾਡੇ ਦਿਮਾਗ਼ ਦੇ ਟਿਊਮਰ (ਰਸੌਲੀ) ਅਤੇ ਇਲਾਜ ਬਾਰੇ



BRAIN TUMOUR ALLIANCE AUSTRALIA Inc.

Supporting People with a Brain Tumour (ਦਿਮਾਗ਼ ਦੇ ਟਿਊਮਰ ਨਾਲ ਗ੍ਰਸਤ ਲੋਕਾਂ ਦੀ ਮੱਦਦ) ਪ੍ਰੋਜੈਕਟ, Cancer Australia ਦਾ *Supporting People with Cancer (ਕੈਂਸਰ ਨਾਲ ਜੂਝਦੇ ਲੋਕਾਂ ਦੀ ਸਹਾਇਤਾ)* ਲਈ ਇੱਕ ਗ੍ਰਾਂਟ ਸਕੀਮ ਹੈ, ਜਿਸਨੂੰ ਆਸਟ੍ਰੇਲੀਆ ਸਰਕਾਰ ਦੁਆਰਾ ਧਨ-ਰਾਸ਼ੀ ਮੁਹੱਈਆ ਕਾਰਵਾਈ ਜਾਂਦੀ ਹੈ।

# ਯੋਗਦਾਨ ਨੂੰ ਮੰਨਣਾ

2016 ਵਿੱਚ, Brain Tumour Alliance Australia (ਬ੍ਰੇਨ ਟਿਊਮਰ ਅਲਾਇੰਸ ਆਸਟ੍ਰੇਲੀਆ) ਨੂੰ ਦਿਮਾਗ ਦੇ ਟਿਊਮਰ ਨਾਲ ਗ੍ਰਸਤ ਮਰੀਜ਼ਾਂ, ਉਨ੍ਹਾਂ ਦੇ ਦੇਖਭਾਲ ਕਰਨ ਵਾਲਿਆਂ ਅਤੇ ਪਰਿਵਾਰਾਂ ਲਈ, ਜਿਸ ਵਿੱਚ CALD (ਸੱਭਿਆਚਾਰਕ ਅਤੇ ਭਾਸ਼ਾਈ ਤੌਰ 'ਤੇ ਵੰਨਗੀ ਵਾਲੇ) ਭਾਈਚਾਰੇ ਸ਼ਾਮਿਲ ਹਨ, ਲਈ ਨਵੇਂ ਸਰੋਤ ਵਿਕਸਿਤ ਕਰਨ ਵਾਸਤੇ ਇਹਦੇ Supporting People with a Brain Tumour (ਦਿਮਾਗ਼ ਦੇ ਟਿਊਮਰ ਨਾਲ ਗ੍ਰਸਤ ਲੋਕਾਂ ਦੀ ਮੱਦਦ) ਪ੍ਰੋਜੈਕਟ ਲਈ ਧਨ-ਰਾਸ਼ੀ ਮੁਹੱਈਆ ਕੀਤੀ ਗਈ ਸੀ।

ਇੱਕ ਸੰਚਾਲਕ ਕਮੇਟੀ ਜਿਸ ਵਿੱਚ Dr Danette Langbecker (Research Fellow, The University of Queensland), Dianne Legge (Olivia Newton-John Wellness & Research Centre - Austin Health), Dr Jonathan Parkinson (Neurosurgeon & Spinal Surgeon) and Sally Payne (Senior Advisor, IBTA) ਸ਼ਾਮਿਲ ਹਨ, ਨੇ ਇਸ ਪ੍ਰੋਜੈਕਟ ਦੀ ਨਿਗਰਾਨੀ ਕਰਦੀ ਹੈ। ਇਸ ਦੀ ਸਹਾਇਤਾ ਇੱਕ ਪ੍ਰੋਜੈਕਟ ਟੀਮ ਦੁਆਰਾ ਕੀਤੀ ਜਾਂਦੀ ਹੈ ਜਿਸ ਵਿੱਚ Patricia Berman, Catherine Hindson, Janet Micallef, Susan Pitt, Rigoula Roussakis, Philip Steel, and Annabelle Wilson ਸ਼ਾਮਿਲ ਹਨ।

BTAA ਦਿਮਾਗ਼ ਦੇ ਟਿਊਮਰ ਵਾਲੇ ਮਰੀਜ਼ਾਂ ਅਤੇ ਦੇਖਭਾਲ ਕਰਨ ਵਾਲਿਆਂ ਅਤੇ ਪਰਿਵਾਰਕ ਮੈਂਬਰਾਂ ਨੂੰ ਸਵੀਕਾਰਦਾ ਹੈ ਜਿਨ੍ਹਾਂ ਨੇ ਸਰੋਤਾਂ 'ਤੇ ਫੀਡਬੈਕ ਦੇਣ ਲਈ ਸਤੰਬਰ 2017 ਦੇ ਦੌਰਾਨ ਫੋਕਸ ਗਰੁੱਪਾਂ ਵਿਚ ਹਿੱਸਾ ਲੈ ਕੇ ਇਸ ਪ੍ਰੋਜੈਕਟ ਵਿਚ ਯੋਗਦਾਨ ਪਾਇਆ ਹੈ।

BTAA ਵਿਸ਼ੇਸ਼ ਤੌਰ 'ਤੇ Dr Danette Langbecker ਜਿਨ੍ਹਾਂ ਨੇ 2008 ਵਿੱਚ "ਇਹ ਪੁੱਛਣਾ ਠੀਕ ਹੈ (It's Okay to Ask)" ਦੀ ਸ਼ੁਰੂਆਤ ਕੀਤੀ ਸੀ ਅਤੇ ਸਕੂਲ ਆਫ ਪਬਲਿਕ ਹੈਲਥ, Queensland University of Technology, ਜਿਸ ਨੇ ਸ਼ੁਰੂਆਤੀ ਕਿਤਾਬਚਾ ਛਾਪਿਆ ਸੀ, ਦੇ ਯੋਗਦਾਨ ਨੂੰ ਸਵੀਕਾਰਦਾ ਹੈ।

QUT

THE UNIVERSITY OF QUEENSLAND AUSTRALIA



# ਅੱਗੇ ਪੜ੍ਹਨ ਤੋਂ ਪਹਿਲਾਂ....

ਕੁਝ ਲੋਕ ਬਹੁਤ ਸਾਰੇ ਵੇਰਵੇ ਜਾਨਣਾ ਚਾਹੁੰਦੇ ਹਨ। ਉਹ ਵਧੇਰੇ ਨਿਯੰਤ੍ਰਣ ਮਹਿਸੂਸ ਕਰਦੇ ਹਨ, ਜਦੋਂ ਉਹਨਾਂ ਨੂੰ ਸਾਰੇ ਤੱਥ ਪਤਾ ਹੁੰਦੇ ਹਨ।

ਬਾਕੀ ਲੋਕ ਸਿਰਫ਼ ਥੋੜ੍ਹੀ ਜਿਹੀ ਜਾਣਕਾਰੀ ਚਾਹੁੰਦੇ ਹਨ। ਉਹ ਪਰੇਸ਼ਾਨ ਹੋ ਜਾਂਦੇ ਹਨ ਜਦੋਂ ਉਨ੍ਹਾਂ ਨੂੰ ਬਹੁਤ ਸਾਰੇ ਵੇਰਵੇ ਦਿੱਤੇ ਜਾਂਦੇ ਹਨ। ਉਹ ਸਧਾਰਨ ਜਾਣਕਾਰੀ ਚਾਹ ਸਕਦੇ ਹਨ - ਉਦਾਹਰਣ ਲਈ, ਕਿਹੜੀ ਗੋਲੀ ਲੈਣੀ ਹੈ ਜਾਂ ਉਹਨਾਂ ਦਾ ਇਲਾਜ ਕਿਵੇਂ ਹੋਵੇਗਾ। **ਆਪਣੇ ਡਾਕਟਰ ਨੂੰ ਇਹ ਦੱਸਣ ਤੋਂ ਝਿਜਕ ਨਾ ਕਰੋ ਕਿ ਤੁਸੀਂ ਕਿੰਨੇ ਵਿਸਥਾਰ ਨਾਲ ਜਾਂ ਸੰਖੇਪ ਵਿਚ ਜਾਣਨਾ ਚਾਹੁੰਦੇ ਹੋ।**

ਹੋ ਸਕਦਾ ਹੈ ਕਿ ਤੁਹਾਡੇ ਹੋਰ ਸਵਾਲ ਹੋਣ ਜੋ ਇੱਥੇ ਸੂਚੀਬੱਧ ਨਾ ਹੋਣ। **ਇੱਥੇ ਤੁਹਾਡੇ ਸਵਾਲ ਲਿਖਣ ਲਈ ਜਗ੍ਹਾ ਹੈ। ਤੁਸੀਂ ਟਿੱਪਣੀਆ ਵੀ ਲਿਖ ਸਕਦੇ ਹੋ।** ਕੁਝ ਸਵਾਲਾਂ ਦਾ ਕੋਈ ਅਸਾਨ ਜਵਾਬ ਨਹੀਂ ਹੈ ਅਤੇ ਜਵਾਬਾਂ ਨੂੰ ਲੱਭਣ ਵਿੱਚ ਸਮਾਂ ਲੱਗ ਸਕਦਾ ਹੈ। ਕਦੇ ਕਦੇ ਕੋਈ ਜਵਾਬ ਨਹੀਂ ਮਿਲਦਾ ਜਾਂ ਤੁਹਾਨੂੰ ਉਡੀਕ ਕਰਨੀ ਪਵੇਗੀ। ਆਪਣੇ ਡਾਕਟਰਾਂ ਅਤੇ ਨਰਸਾਂ ਨਾਲ ਗੱਲ ਕਰਨ ਨਾਲ, ਤੁਹਾਡੀਆਂ ਚਿੰਤਾਵਾਂ ਨਾਲ ਨਜਿੱਠਣ ਵਿੱਚ ਤੁਹਾਡੀ ਮਦਦ ਹੋ ਸਕਦੀ ਹੈ।

## ਆਪਣੇ ਡਾਕਟਰ ਨਾਲ ਗੱਲ ਕਿਵੇਂ ਕਰਨੀ ਹੈ:

- ਡਾਕਟਰ ਕੋਲ ਆਪਣੇ ਦੋਸਤ ਜਾਂ ਪਰਿਵਾਰ ਦੇ ਮੈਂਬਰ ਨੂੰ ਲੈ ਕੇ ਜਾਓ। ਉਹ ਚੀਜ਼ਾਂ ਨੂੰ ਯਾਦ ਕਰਨ ਵਿੱਚ ਤੁਹਾਡੀ ਮਦਦ ਕਰ ਸਕਦੇ ਹਨ।
- ਜੇ ਤੁਹਾਡੇ ਕੋਈ ਸਵਾਲ ਹਨ, ਤਾਂ ਆਪਣੇ ਡਾਕਟਰ ਨਾਲ ਮਿਲਣ ਸਮੇਂ ਸ਼ੁਰੂ ਵਿਚ ਹੀ ਦੱਸੋ।
- ਜੇ ਤੁਹਾਡੇ ਕੋਲ ਬਹੁਤ ਸਾਰੇ ਸਵਾਲ ਹਨ, ਤਾਂ ਰਿਸੈਪਸ਼ਨਿਸਟ ਨੂੰ ਮਿਲਣ ਦਾ ਲੰਬਾ ਸਮਾਂ ਨਿਯੁਕਤ ਕਰਨ ਲਈ ਪੁੱਛੋ।
- ਹਰ ਚੀਜ਼ ਤੁਹਾਡੇ ਲਈ ਨਵੀਂ ਹੈ। ਜੇਕਰ ਤੁਹਾਨੂੰ ਉਹ ਕੁਝ ਸਮਝ ਨਾ ਆਵੇ ਜੋ ਉਹਨਾਂ ਨੇ ਕਿਹਾ ਹੈ, ਤਾਂ ਇਹ ਆਪਣੇ ਡਾਕਟਰ ਨੂੰ  ਦੱਸਣਾ ਮਹੱਤਵਪੂਰਨ ਹੈ।
- ਜੇ ਤੁਹਾਨੂੰ ਕੁਝ ਸਮਝ ਨਹੀਂ ਆਉਂਦਾ, ਤਾਂ ਆਪਣੇ ਡਾਕਟਰ ਨੂੰ ਦੱਸਣ ਵਿਚ ਕੁਝ ਵੀ ਬੁਰਾ ਨਹੀਂ ਹੈ।
- ਇੱਕ ਵਾਰ ਤੋਂ ਜਿਆਦਾ ਇਕੋ ਜਾਣਕਾਰੀ ਸੁਣਨੀ ਆਮ ਗੱਲ ਹੈ।
- ਸ਼ੱਕ ਜਾਂ ਚਿੰਤਾਵਾਂ ਨੂੰ ਦੂਰ ਕਰਨਾ ਤੁਹਾਡੇ ਡਾਕਟਰ ਦਾ ਫਰਜ਼ ਹੈ। ਚੀਜ਼ਾਂ ਨੂੰ ਸਹੀ ਸਮਝਣਾ ਮਹੱਤਵਪੂਰਨ ਹੈ।
- ਆਪਣੇ ਡਾਕਟਰ ਨੂੰ ਪੁੱਛੋ, ਉਪਯੋਗੀ ਜਾਣਕਾਰੀ ਹੋਰ ਕਿਸ ਕੋਲ ਹੈ।
- ਤੁਹਾਡਾ ਡਾਕਟਰ ਤੁਹਾਨੂੰ ਤੁਹਾਡੇ ਇਲਾਕੇ ਵਿਚ ਦੂਜੇ ਸਿਹਤ ਮਾਹਿਰਾਂ ਕੋਲ ਭੇਜ ਸਕਦਾ ਹੈ।

ਇਸ ਕਿਤਾਬਚੇ ਨੂੰ “ਇਹ ਪੁੱਛਣਾ ਠੀਕ ਹੈ” ਕਿਹਾ ਜਾਂਦਾ ਹੈ। ਇਸ ਵਿੱਚ ਸਵਾਲ ਹਨ ਜੋ ਤੁਸੀਂ ਆਪਣੇ ਡਾਕਟਰਾਂ ਜਾਂ ਹੋਰ ਸਟਾਫ਼ ਤੋਂ ਪੁੱਛ ਸਕਦੇ ਹੋ। ਦਿਮਾਗ ਦੇ ਟਿਊਮਰ ਨਾਲ ਗ੍ਰਸਤ ਲੋਕਾਂ ਨੇ ਇਸ ਪੁਸਤਿਕਾ ਨੂੰ ਲਿਖਣ ਵਿੱਚ ਮਦਦ ਕੀਤੀ ਹੈ। ਉਨ੍ਹਾਂ ਦੇ ਪਰਿਵਾਰਾਂ, ਡਾਕਟਰਾਂ ਅਤੇ ਨਰਸਾਂ ਨੇ ਵੀ ਸਹਾਇਤਾ ਕੀਤੀ ਹੈ।

ਇਹ ਪੁਸਤਕ ਤੁਹਾਨੂੰ ਲੋੜੀਂਦੀ ਜਾਣਕਾਰੀ ਅਤੇ ਸਹਾਇਤਾ ਪ੍ਰਾਪਤ ਕਰਨ ਵਿੱਚ ਮਦਦ ਕਰੇਗੀ। ਇਹ ਇੱਕ ਵਧੀਆ ਸ਼ੁਰੂਆਤ ਹੈ। ਇਸ ਵਿੱਚ ਸਵਾਲ ਸੂਚੀਬੱਧ ਹਨ ਜੋ ਹੋਰਨਾਂ ਮਰੀਜ਼ਾਂ ਅਤੇ ਡਾਕਟਰਾਂ ਨੂੰ ਮਦਦਗਾਰ ਸਾਬਿਤ ਹੋਏ।

ਇਸ ਕਿਤਾਬਚੇ ਵਿੱਚ ਇਹਨਾਂ ਬਾਰੇ ਸਵਾਲ ਹਨ:

- ਰੋਗ ਦੀ ਪਛਾਣ
- ਤੁਸੀਂ ਭਵਿੱਖ ਵਿਚ ਕੀ ਉਮੀਦ ਕਰ ਸਕਦੇ ਹੋ
- ਲੱਛਣ ਅਤੇ ਤਬਦੀਲੀਆਂ
- ਹੈਲਥਕੇਅਰ ਟੀਮ
- ਸਹਾਇਤਾ
- ਇਲਾਜ ਅਤੇ ਪ੍ਰਬੰਧਨ
- ਇਲਾਜ ਦੇ ਬਾਅਦ ਕੀ ਉਮੀਦ ਕਰਨੀ ਹੈ

ਤੁਸੀਂ ਸਿਰਫ ਇਹਨਾਂ ਨੂੰ ਉਦੋਂ ਹੀ ਵੇਖਣਾ ਚਾਹੋਗੇ, ਜੇਕਰ ਹੁਣ ਉਹ ਤੁਹਾਨੂੰ ਪ੍ਰਭਾਵਿਤ ਕਰਦੇ ਹਨ। ਸਾਰੇ ਪ੍ਰਸ਼ਨ ਤੁਹਾਡੇ ‘ਤੇ ਲਾਗੂ ਨਹੀਂ ਹੋਣਗੇ। ਵੱਖ-ਵੱਖ ਟਿਊਮਰ ਦੇ ਵੱਖ-ਵੱਖ ਪ੍ਰਭਾਵ ਅਤੇ ਇਲਾਜ ਹਨ। ਇਹ ਸਵਾਲ ਨਾ ਪੁੱਛਣਾ ਜਾਂ ਜਵਾਬਾਂ ਨੂੰ ਨਾ ਸੁਣਨਾ ਠੀਕ ਹੈ।

# ਸਮੱਗਰੀ


ਰੋਗ ਦੀ ਪਛਾਣ . . . . . . . . . . . . . . . . . . . . . . . . . . . . 8

ਟੈਸਟ

ਭਵਿੱਖ ਵਿਚ ਕੀ ਉਮੀਦ ਕਰਨੀ ਹੈ? . . . . . . . . . . . . . . . . . . . . . . . . . . 10

ਲੱਛਣ ਅਤੇ ਤਬਦੀਲੀਆਂ . . . . . . . . . . . . . . . . . . . . . . . . . . . . 12

ਦੌਰੇ

ਸੋਚ ਅਤੇ ਸ਼ਖਸੀਅਤ ਵਿਚ ਤਬਦੀਲੀਆਂ

ਹੈਲਥਕੇਅਰ ਟੀਮ . . . . . . . . . . . . . . . . . . . . . . . . . . . . 16

ਬਹੁ-ਦਿਸ਼ਾਵੀ ਟੀਮਾਂ

ਡਾਕਟਰਾਂ ਅਤੇ ਹੋਰ ਸਿਹਤ ਦੇਖਭਾਲ ਟੀਮ ਮੈਂਬਰਾਂ ਨਾਲ ਸੰਪਰਕ ਕਰਨਾ

ਡਾਕਟਰਾਂ ਦੇ ਦੌਰੇ ਕਰਨਾ

ਸਹਾਇਤਾ . . . . . . . . . . . . . . . . . . . . . . . . . . . . 20

ਜਾਣਕਾਰੀ

ਵਿਵਹਾਰਕ ਮੁੱਦੇ

ਵਿੱਤੀ ਮੁੱਦੇ

ਸਾਥੀਆਂ ਦਾ ਸਹਿਯੋਗ

ਇਲਾਜ ਅਤੇ ਪ੍ਰਬੰਧਨ . . . . . . . . . . . . . . . . . . . . . . . . . . . . 24

ਦੂਜੀ ਰਾਏ

ਵੱਖਰੇ ਇਲਾਜਾਂ ਬਾਰੇ ਪੁੱਛਣ ਲਈ ਸਵਾਲ

ਸਰਜਰੀ

ਮੂੰਹ ਦੁਆਰਾ ਲਈਆਂ ਜਾਣ ਵਾਲੀਆਂ ਦਵਾਈਆਂ

ਕੀਮੋਥੈਰੇਪੀ

ਰੇਡੀਓਥੈਰੇਪੀ

ਹੋਰ ਇਲਾਜ

ਇਲਾਜ ਦੌਰਾਨ ਸਿਹਤਮੰਦ ਜਿਊਣਾ

ਪੂਰਕ ਅਤੇ ਵਿਕਲਪਕ ਦਵਾਈਆਂ

ਡਾਕਟਰੀ ਇਲਾਜ਼ ਦੀ ਅਜ਼ਮਾਇਸ਼

ਪੈਲਾਟਿਵ ਕੇਅਰ (ਦਰਦਨਾਸ਼ਕ ਦੇਖਭਾਲ)

ਇਲਾਜ ਦੇ ਬਾਅਦ . . . . . . . . . . . . . . . . . . . . . . . . . . . . 34

ਆਮ ਜੀਵਨ ਵਿੱਚ ਵਾਪਸ ਆਉਣਾ

# ਰੋਗ ਦੀ ਪਛਾਣ

- ਕੀ ਤੁਸੀਂ ਮੇਰੇ ਟਿਊਮਰ ਦਾ ਨਾਮ ਲਿਖ ਸਕਦੇ ਹੋ? ਕੀ ਮੇਰੇ ਟਿਊਮਰ ਦੇ ਕੋਈ ਹੋਰ ਨਾਂ ਵੀ ਹਨ?
- ਇਹ ਮੇਰੇ ਦਿਮਾਗ ਵਿੱਚ ਕਿੱਥੇ ਹੈ? ਦਿਮਾਗ ਦਾ ਉਹ ਹਿੱਸਾ ਕੀ ਕਰਦਾ ਹੈ?



- ਕੀ ਇਹ ਹੌਲੀ- ਜਾਂ ਤੇਜ਼ੀ ਨਾਲ ਵਧ ਰਿਹਾ ਹੈ?
- ਟਿਊਮਰ ਕਿੰਨੀ ਵੱਡਾ ਹੈ? ਉੱਥੇ ਕਿੰਨਾ ਟਿਊਮਰ ਹੈ?
- ਇਸ ਟਿਊਮਰ ਕਿਸ ਕਾਰਨ ਹੋਇਆ? ਕੀ ਮੇਰੇ ਪਰਿਵਾਰ ਨੂੰ ਵੀ ਦਿਮਾਗ ਦਾ ਟਿਊਮਰ ਹੋਣ ਦੀ ਵਧੇਰੇ ਸੰਭਾਵਨਾ ਦੇ ਵਧੇਰੇ ਜੋਖਮ 'ਤੇ ਹੈ।
- ਮੈਨੂੰ ਪੱਕਾ ਪਤਾ ਨਹੀਂ ਕਿ ਮੈਂ ਇਸ ਬਾਰੇ ਆਪਣੇ ਪਰਿਵਾਰ ਜਾਂ ਬੱਚੇ (ਬੱਚਿਆਂ) ਨੂੰ ਕਿਵੇਂ ਦੱਸਾਂ - ਮੈਂ ਇਹ ਕਿਵੇਂ ਸਮਝਾ ਸਕਦਾ ਹਾਂ?
- ਇਸਦੇ ਹੋਣ ਦੇ ਪਤਾ ਲੱਗਣ ਦੇ ਤਣਾਅ ਨਾਲ ਨਜਿੱਠਣ ਲਈ ਦੂਜਿਆਂ ਲਈ ਕੀ ਨੁਖਸਾ ਕੰਮ ਕੀਤਾ? ਕੀ ਕੋਈ ਅਜਿਹਾ ਵਿਅਕਤੀ ਹੈ ਜਿਸਦਾ ਮੈਂ ਜਾਂ ਮੇਰਾ ਪਰਿਵਾਰ ਇਸ ਨਾਲ ਸਿੱਝਣ ਲਈ ਮਦਦ ਕਰਨ ਲਈ ਗੱਲ ਕਰ ਸਕਦੇ ਹਾਂ?

## ਟੈਸਟ

- ਇਸ ਟੈਸਟ ਤੋਂ ਸਾਨੂੰ ਕੀ ਜਾਣਕਾਰੀ ਮਿਲੇਗੀ? ਇਸ ਜਾਣਕਾਰੀ ਦਾ ਮੇਰੇ ਇਲਾਜ ਜਾਂ ਦੇਖਭਾਲ 'ਤੇ ਕੀ ਅਸਰ ਪਵੇਗਾ?
- ਟੈਸਟ ਕਰਵਾਉਣ ਵਿਚ ਕੀ ਸ਼ਾਮਲ ਹੈ? ਕੀ ਇਹ ਦੁੱਖਦਾਇਕ ਹੋਵੇਗਾ?
- ਮੈਨੂੰ ਆਪਣੇ ਟੈਸਟ ਦੇ ਨਤੀਜੇ ਕਦੋਂ ਮਿਲਣਗੇ? ਮੈਨੂੰ ਮੇਰੇ ਨਤੀਜੇ ਕੌਣ ਦੱਸੇਗਾ?
- ਕੀ ਮੈਂ ਮੇਰੇ ਟੈਸਟ ਦੇ ਨਤੀਜਿਆਂ ਦੀ ਕਾਪੀ ਲੈ ਸਕਦਾ ਹਾਂ?
- ਕੀ ਮੈਨੂੰ ਆਪਣੀ ਆਮ ਗਤੀਵਿਧੀਆਂ ਨੂੰ ਜਾਰੀ ਰੱਖਣਾ ਚਾਹੀਦਾ ਹੈ ਜਦੋਂ ਤੱਕ ਕਿ ਸਾਨੂੰ ਟੈਸਟ ਦੇ ਨਤੀਜੇ ਪ੍ਰਾਪਤ ਨਹੀਂ ਹੋ ਜਾਂਦੇ? ਕੀ ਇੱਥੇ ਕੁਝ ਅਜਿਹਾ ਹੈ ਜੋ ਮੈਨੂੰ ਕਰਨਾ ਚਾਹੀਦਾ ਹੈ ਜਾਂ ਨਹੀਂ ਕਰਨਾ ਚਾਹੀਦਾ?



# ਨੋਟਸ



# ਭਵਿੱਖ ਵਿਚ ਕੀ ਉਮੀਦ ਕਰਨੀ ਹੈ?



- ਤੁਹਾਨੂੰ ਕਿਵੇਂ ਲੱਗ ਰਿਹਾ ਹੈ ਕਿ ਮੈਂ ਕਿਵੇਂ ਜਾ ਰਿਹਾ ਹਾਂ?
- ਕੀ ਮੇਰੇ ਟਿਊਮਰ ਦੀ ਇਲਾਜ ਪਿੱਛੋਂ ਵਾਪਸ ਆਉਣ ਦੀ ਸੰਭਾਵਨਾ ਹੈ?
- ਜੇ ਟਿਊਮਰ ਦੀ ਵਾਪਸ ਆਉਣ ਦੀ ਸੰਭਾਵਨਾ ਹੈ, ਤਾਂ ਇਹ ਕਿੰਨੀ ਦੇਰ ਤੋਂ ਬਾਅਦ ਵਾਪਸ ਆ ਸਕਦਾ ਹੈ?
- ਮੇਰੇ ਟਿਊਮਰ ਦਾ ਇਲਾਜ ਹੋ ਜਾਣ ਦੀਆਂ ਸੰਭਾਵਨਾਵਾਂ ਕੀ ਹਨ?
- ਆਮ ਤੌਰ 'ਤੇ, ਇਸ ਕਿਸਮ ਦੇ ਟਿਊਮਰ ਦੇ ਨਾਲ ਗ੍ਰਸਤ ਲੋਕ ਕਿਨ੍ਹਾਂ ਕੁ ਚਿਰ ਜਿਊਂਦੇ ਰਹਿੰਦੇ ਹਨ? ਤੁਹਾਨੂੰ ਸਭ ਤੋਂ ਲੰਬੀ ਮਿਆਦ ਕਿੰਨੀ ਕੁ ਪਤਾ ਹੈ?
- ਇਸ ਤੋਂ ਬਚਣ ਦੇ ਮੇਰੇ ਕੀ ਮੌਕੇ ਹਨ?
- ਕੀ ਮੇਰਾ ਟਿਊਮਰ ਭਵਿੱਖ ਵਿਚ ਵਧੇਰੇ ਜਾਨਲੇਵਾ ਬਣ ਸਕਦਾ ਹੈ?
- ਕੀ ਮੇਰਾ ਟਿਊਮਰ ਆਪਣੇ ਆਪ ਵਿਚ ਸੁਧਾਰ ਕਰ ਸਕਦਾ ਹੈ? ਜੇ ਇਸ ਦਾ ਇਲਾਜ ਨਹੀਂ ਕੀਤਾ ਗਿਆ ਤਾਂ ਕੀ ਇਹ ਹੋਰ ਬਦਤਰ ਹੋ ਜਾਵੇਗਾ?
- ਭਵਿੱਖ ਵਿਚ ਕੀ ਹੋਵੇਗਾ, ਇਸਦਾ ਅੰਦਾਜ਼ਾ ਲਗਾਉਣ ਲਈ ਤੁਸੀਂ ਕੀ ਦੇਖੋਗੇ?
- ਜੇ ਮੇਰਾ ਟਿਊਮਰ ਠੀਕ ਨਹੀਂ ਹੋ ਸਕਦਾ, ਤਾਂ ਮੈਂ ਭਵਿੱਖ ਵਿਚ ਕੀ ਉਮੀਦ ਕਰ ਸਕਦਾ ਹਾਂ? ਮੇਰੀ ਸਭ ਤੋਂ ਵਧੀਆ ਅਤੇ ਸਭ ਤੋਂ ਬੁਰੇ ਦਿਨ ਕਿਹੋ ਜਿਹੇ ਹੋਣਗੇ?







# ਲੱਛਣ ਅਤੇ ਤਬਦੀਲੀਆਂ



- ਭਵਿੱਖ ਵਿੱਚ ਕੀ ਲੱਛਣ ਹੋ ਸਕਦੇ ਹਨ?
- ਕਿਹੜੀਆਂ ਤਬਦੀਲੀਆਂ ਆਮ ਹਨ? ਮੈਨੂੰ ਕਿਹੜੀਆਂ ਤਬਦੀਲੀਆਂ ਦੀ ਆਸ ਕਰਨੀ ਚਾਹੀਦੀ ਹੈ?



- ਕੀ ਕੋਈ ਸਮੱਸਿਆਵਾਂ ਹਨ ਜਿਨ੍ਹਾਂ ਲਈ ਮੈਨੂੰ ਦੇਖਣਾ ਚਾਹੀਦਾ ਹੈ? ਜੇ ਮੈਨੂੰ ਇਹਨਾਂ ਸਮੱਸਿਆਵਾਂ ਵਿੱਚੋਂ ਇੱਕ ਹੈ ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ?
- ਲੱਛਣ ਕਿੰਨਾ ਚਿਰ ਰਹਿਣਗੇ? ਕੀ ਲੱਛਣ ਸਥਾਈ ਹਨ?
- ਮੈਨੂੰ ਇਲਾਜਾਂ ਬਾਰੇ ਕਿਸ ਤੋਂ ਪੁੱਛਣਾ ਚਾਹੀਦਾ ਹੈ?
- ਮੈਨੂੰ ਇਸਦੇ ਬੁਰੇ ਅਤੇ ਅਣਚਾਹੇ ਪ੍ਰਭਾਵਾਂ ਬਾਰੇ ਕਿਸ ਤੋਂ ਪੁੱਛਣਾ ਚਾਹੀਦਾ ਹੈ?
- ਉਹ ਕੀ ਲੱਛਣ ਜਾਂ ਤਬਦੀਲੀਆਂ ਹਨ ਜਿੰਨ੍ਹਾਂ ਬਾਰੇ ਮੈਨੂੰ ਤੁਹਾਨੂੰ ਦੱਸਣ ਦੀ ਜ਼ਰੂਰਤ ਹੈ?
- ਕੀ ਮੇਰਾ ਦਿੱਖ ਬਦਲ ਜਾਵੇਗੀ?
- ਕੀ ਮੈਂ ਅਜੇ ਵੀ ਕੰਮ ਕਰਨ ਦੇ ਯੋਗ ਹੋਵਾਂਗਾ?
- ਕੀ ਮੈਂ ਪਹਿਲਾਂ ਤੋਂ ਉਹੀ ਚੀਜ਼ਾਂ ਕਰਨ ਦੇ ਯੋਗ ਹੋਵਾਂਗਾ ਜੋ ਮੈਂ ਪਹਿਲਾਂ ਕੀਤੀਆਂ ਸਨ?
- ਕੀ ਮੈਨੂੰ ਆਰਾਮ ਕਰਨ ਦੀ ਲੋੜ ਹੈ? ਕੀ ਮੇਰੇ ਕੋਲ ਅਜੇ ਵੀ ਉਹੀ ਊਰਜਾ ਹੈ?
- ਕੀ ਮੈਂ ਅਜੇ ਵੀ ਗੱਡੀ ਚਲਾ ਸਕਦਾ ਹਾਂ? ਕੀ ਮੈਨੂੰ ਡ੍ਰਾਇਵਿੰਗ ਅਥੌਰਿਟੀ ਨੂੰ ਮੇਰੇ ਟਿਊਮਰ ਬਾਰੇ ਦੱਸਣ ਦੀ ਜ਼ਰੂਰਤ ਹੈ?
- ਕੀ ਮੇਰਾ ਸੈਕਸ ਜੀਵਨ ਪ੍ਰਭਾਵਤ ਹੋਵੇਗਾ?
- ਜੇ ਮੈਂ ਉਦਾਸ, ਪਰੇਸ਼ਾਨ ਜਾਂ ਗੁੱਸੇ ਹਾਂ, ਤਾਂ ਮੈਂ ਕੀ ਕਰ ਸਕਦਾ ਹਾਂ?




# ਨੋਟਸ




# ਦੌਰੇ

- ਕੀ ਮੈਨੂੰ ਦੌਰੇ ਪੈਣ ਦੀ ਸੰਭਾਵਨਾ ਹੈ?
- ਜੇ ਮੇਰੇ ਦੌਰਾ ਪੈ ਜਾਵੇ ਤਾਂ ਮੇਰੇ ਪਰਿਵਾਰ ਨੂੰ ਕੀ ਕਰਨਾ ਚਾਹੀਦਾ ਹੈ?
- ਮੈਨੂੰ ਹਸਪਤਾਲ ਵਿੱਚ ਕਦੋਂ ਜਾਣਾ ਚਾਹੀਦਾ ਹੈ ਜਾਂ ਐਂਬੂਲੈਂਸ ਨੂੰ ਬੁਲਾਉਣਾ ਚਾਹੀਦਾ ਹੈ?
- ਦੌਰਾ ਪੈਣਾ ਕਿਵੇਂ ਦਿਖਾਈ ਦਿੰਦਾ ਅਤੇ ਮਹਿਸੂਸ ਹੁੰਦਾ ਹੈ?
- ਕੀ ਦੌਰਾ ਪੈਣ ਦੇ ਕੋਈ ਚੇਤਾਵਨੀ ਸੰਕੇਤ ਹਨ?



# ਸੋਚ ਅਤੇ ਸ਼ਖਸੀਅਤ ਵਿਚ ਤਬਦੀਲੀਆਂ

- ਮੇਰੀ ਸੋਚ, ਕੰਮ ਜਾਂ ਸ਼ਖਸੀਅਤ ਕਿਵੇਂ ਬਦਲ ਸਕਦਾ ਹੈ?
- ਕੀ ਤੁਸੀਂ ਮੈਨੂੰ ਕਿਸੇ ਅਜਿਹੇ ਵਿਅਕਤੀ ਕੋਲ ਭੇਜ ਸਕਦੇ ਹੋ ਜੋ ਇਹ ਜਾਂਚ ਕਰ ਸਕਦਾ ਹੈ ਕਿ ਕੀ ਮੇਰੀ ਸੋਚ ਬਦਲ ਰਹੀ ਹੈ?
- ਮੈਨੂੰ ਕਿਵੇਂ ਪਤਾ ਲੱਗੇਗਾ ਜੇ ਮੇਰੀ ਸੋਚ ਜਾਂ ਕਰਨੀ ਬਦਲ ਜਾਵੇ?



# ਨੋਟਸ



- ਮੇਰੀ ਦੇਖਭਾਲ ਦਾ ਇੰਚਾਰਜ ਕੌਣ ਹੈ?
- ਕਿਸ ਕਿਸਮ ਦੇ ਡਾਕਟਰ ਅਤੇ ਸਟਾਫ ਮੇਰੀ ਦੇਖਭਾਲ ਕਰਨਗੇ?
- ਮੈਂ ਆਪਣੀ ਦੇਖਭਾਲ ਵਿਚ ਸ਼ਾਮਲ ਲੋਕਾਂ ਨੂੰ ਕਦੋਂ ਮਿਲਾਂਗਾ?
- ਹਰ ਸਾਲ ਤੁਸੀਂ ਮੇਰੇ ਵਰਗੇ ਕਿੰਨੇ ਲੋਕਾਂ ਦਾ ਇਲਾਜ ਕਰਦੇ ਹੋ?
- ਜੇ ਮੈਂ ਆਪਣੀ ਦੇਖਭਾਲ ਬਾਰੇ ਚਿੰਤਤ ਹਾਂ ਤਾਂ ਮੈਂ ਕਿਸ ਨਾਲ ਗੱਲ ਕਰ ਸਕਦਾ ਹਾਂ?
- ਕੀ ਕੋਈ ਮੇਰੇ ਜੀਪੀ ਨਾਲ ਮੇਰੇ ਟਿਊਮਰ ਬਾਰੇ ਗੱਲ ਕਰੇਗਾ?
- ਕੀ ਸਾਡੀ ਸਹਾਇਤਾ ਲਈ ਮੈਨੂੰ ਦੁਭਾਸ਼ੀਆ ਮਿਲ ਸਕਦਾ / ਸਕਦੀ ਹੈ?
- ਕੀ ਮੈਂ ਮੇਰੇ ਸਭਿਆਚਾਰ ਦੇ ਕਿਸੇ ਡਾਕਟਰ ਜਾਂ ਸਟਾਫ਼ ਮੈਂਬਰ ਨਾਲ ਗੱਲ ਕਰ ਸਕਦਾ ਹਾਂ?



## ਬਹੁ-ਦਿਸ਼ਾਵੀ ਟੀਮਾਂ

- ਇਕ ਬਹੁ-ਵਿਸ਼ਿਸ਼ਟਕੀ ਟੀਮ ਦਾ ਕੀ ਹੈ?
- ਕੀ ਤੁਸੀਂ ਬਹੁ-ਵਿਸ਼ਿਸ਼ਟਕੀ ਟੀਮ ਦੇ ਹਿੱਸੇ ਵਜੋਂ ਕੰਮ ਕਰਦੇ ਹੋ?
- ਇਕ ਬਹੁ-ਵਿਸ਼ਿਸ਼ਟਕੀ ਟੀਮ ਹੋਣ ਦਾ ਕੀ ਅਰਥ ਹੈ?
- ਇਹ ਟੀਮ ਮੇਰੀ ਦੇਖਭਾਲ ਦਾ ਪ੍ਰਬੰਧ ਕਿਵੇਂ ਕਰੇਗੀ?







# ਨੋਟਸ



# ਡਾਕਟਰਾਂ ਅਤੇ ਹੋਰ ਸਿਹਤ ਦੇਖਭਾਲ ਟੀਮ ਮੈਂਬਰਾਂ ਨਾਲ ਸੰਪਰਕ ਕਰਨਾ

- ਜੇ ਮੈਂ ਉਲਝਣ ਵਾਲੀ ਸਲਾਹ ਮਿਲਦੀ ਹੈ ਤਾਂ ਮੈਂ ਕਿਸ ਨਾਲ ਗੱਲ ਕਰ ਸਕਦਾ ਹਾਂ?
- ਮੇਰਾ ਪਹਿਲਾ ਸੰਪਰਕ ਕੌਣ ਹੈ?
- ਮੈਂ ਆਪਣੀ ਹੈਲਥਕੇਅਰ ਟੀਮ ਨਾਲ ਕਿਵੇਂ ਸੰਪਰਕ ਕਰ ਸਕਦਾ ਹਾਂ?




- ਮੈਂ ਆਪਣੇ ਜੀ.ਪੀ. ਨਾਲ ਕਿਸ ਬਾਰੇ ਗੱਲ ਕਰਾਂ?
- ਮੇਰੇ ਓਨਕੋਲੋਜਿਸਟ ਨਾਲ ਮੈਨੂੰ ਕੀ ਗੱਲ ਕਰਨੀ ਚਾਹੀਦੀ ਹੈ?
- ਮੈਨੂੰ ਹੋਰ ਕਿਹੜੀਆਂ ਸੇਵਾਵਾਂ ਮਿਲ ਸਕਦੀਆਂ ਹਨ? ਮੈਂ ਉਨ੍ਹਾਂ ਨੂੰ ਕਿਵੇਂ ਪ੍ਰਾਪਤ ਕਰਾਂ?
- ਮੇਰੀਆਂ ਦਵਾਈਆਂ ਨਾਲ ਮੇਰੀ ਮਦਦ ਕੌਣ ਕਰ ਸਕਦਾ ਹੈ?
- ਜਦੋਂ ਮੈਂ ਹਸਪਤਾਲ ਵਿੱਚ ਨਹੀਂ ਹਾਂ ਤਾਂ ਕਿਸ ਨਾਲ ਗੱਲ ਕਰਾਂ?
- ਮੈਂ ਕੰਮਕਾਜੀ ਘੰਟਿਆਂ ਤੋਂ ਬਾਹਰ ਤੁਹਾਡੇ ਨਾਲ ਸੰਪਰਕ ਕਿਵੇਂ ਕਰ ਸਕਦਾ ਹਾਂ?
- ਐਮਰਜੈਂਸੀ ਵਿਚ ਮੈਂ ਕਿਸ ਨਾਲ ਗੱਲ ਕਰਾਂ?



# ਡਾਕਟਰਾਂ ਦੇ ਦੌਰੇ ਕਰਨਾ


- ਮੈਂ ਅੱਗੇ ਕਿਸਨੂੰ ਮਿਲਾਂਗਾ, ਕਦੋਂ ਅਤੇ ਕਿੱਥੇ?
- ਮੈਂ ਤੁਹਾਨੂੰ ਦੁਬਾਰਾ ਕਦੋਂ ਮਿਲਾਂਗਾ?
- ਮੈਨੂੰ ਤੁਹਾਨੂੰ ਕਿੰਨੀ ਵਾਰ ਮਿਲਣਾ ਪਵੇਗਾ?



# ਨੋਟਸ



- ਮੇਰੀ ਬਿਮਾਰੀ ਅਤੇ ਇਲਾਜ ਦੌਰਾਨ ਮੇਰੀ ਕਿਹੜੀਆਂ ਸੇਵਾਵਾਂ ਮਦਦ ਕਰ ਸਕਦੀਆਂ ਹਨ?
- ਜਦੋਂ ਮੈਂ ਘਰ ਜਾਂਦਾ ਹਾਂ ਤਾਂ ਮੈਂ ਸਹਾਇਤਾ ਸੇਵਾਵਾਂ ਕਿਵੇਂ ਪ੍ਰਾਪਤ ਕਰਾਂ?
- ਕੀ ਤੁਸੀਂ ਮੈਨੂੰ ਉਹਨਾਂ ਸੰਸਥਾਵਾਂ ਦੇ ਸੰਪਰਕ ਵਿੱਚ ਲਿਆ ਸਕਦੇ ਹੋ ਜੋ ਮੇਰੇ ਵਰਗੇ ਲੋਕਾਂ ਲਈ ਜਾਣਕਾਰੀ ਅਤੇ ਸਹਾਇਤਾ ਪ੍ਰਦਾਨ ਕਰਦੀਆਂ ਹਨ?
- ਮੈਨੂੰ ਆਪਣੇ ਪਰਿਵਾਰ ਅਤੇ ਦੋਸਤਾਂ ਨੂੰ ਕੀ ਕਹਿਣਾ ਚਾਹੀਦਾ ਹੈ?
- ਮੇਰਾ ਪਰਿਵਾਰ ਮੇਰਾ ਸਮਰਥਨ ਕਿਵੇਂ ਕਰ ਸਕਦਾ ਹੈ?
- ਕੀ ਮੈਂ ਆਪਣੇ ਬੱਚਿਆਂ ਦੇ ਸਕੂਲ ਨੂੰ ਮੇਰੀ ਬਿਮਾਰੀ ਬਾਰੇ ਦੱਸਾਂ? ਜਦੋਂ ਮੈਂ ਬੀਮਾਰ ਹੋਵਾਂ ਤਾਂ ਸਕੂਲ ਕਿਵੇਂ ਮਦਦ ਕਰ ਸਕਦਾ ਹੈ?
- ਜੇ ਮੈਂ ਸਾਹਮਣਾ ਨਹੀਂ ਕਰ ਪਾ ਰਿਹਾ ਜਾਂ ਨਿਰਾਸ਼ ਹੁੰਦਾ ਹਾਂ ਤਾਂ?
- ਕੀ ਕੋਈ ਅਜਿਹਾ ਵਿਅਕਤੀ ਹੈ ਜੋ ਮੇਰੇ ਨਾਲ ਸਿੱਝਣ ਵਿੱਚ ਸਹਾਇਤਾ ਕਰ ਸਕਦਾ ਹੈ? ਕੀ ਕੋਈ ਮੇਰੇ ਪਰਿਵਾਰ ਦੀ ਮਦਦ ਕਰ ਸਕਦਾ ਹੈ?
- ਕੀ ਐਥੇ ਕੋਈ ਹੈ ਜਿਸ ਨਾਲ ਕੀ ਮੈਂ ਆਪਣੀ ਰੂਹਾਨੀ ਲੋੜਾਂ ਬਾਰੇ ਗੱਲ ਕਰ ਸਕਦਾ ਹਾਂ?
- ਵਸੀਅਤ ਜਾਂ ਅਗਾਊਂ ਮੈਡੀਕਲ ਨਿਰਦੇਸ਼ (ਅਡਵਾਂਸ ਮੈਡੀਕਲ ਡਾਇਰੈਕਟਿਵ) ਬਣਾਉਣ ਵਿੱਚ ਮੇਰੀ ਮਦਦ ਕੌਣ ਕਰ ਸਕਦਾ ਹੈ?




## ਜਾਣਕਾਰੀ

- ਕੀ ਕੋਈ ਭਰੋਸੇਮੰਦ ਵੈੱਬਸਾਈਟਾਂ ਹਨ ਜਿਨ੍ਹਾਂ ‘ਤੇ ਮੇਰੇ ਟਿਊਮਰ ਬਾਰੇ ਜਾਣਕਾਰੀ ਹਨ?
- ਮੈਂ ਇਲਾਜ ਬਾਰੇ ਹੋਰ ਕਿੱਥੋਂ ਪੜ੍ਹ ਸਕਦਾ ਹਾਂ?
- ਮੈਂ ਸਹਾਇਤਾ ਕਿੱਥੋਂ ਪ੍ਰਾਪਤ ਕਰ ਸਕਦਾ ਹਾਂ?
- ਕੀ ਤੁਹਾਡੇ ਕੋਲ ਹੋਰ ਭਾਸ਼ਾਵਾਂ ਵਿਚ ਵਧੇਰੇ ਜਾਣਕਾਰੀ ਹੈ?
- ਕੀ ਤੁਹਾਡੇ ਕੋਲ ਕੋਈ ਜਾਣਕਾਰੀ ਹੈ ਜੋ ਮੈਂ ਆਪਣੇ ਪਰਿਵਾਰ ਜਾਂ ਬੱਚਿਆਂ ਨੂੰ ਦੇ ਸਕਦਾ /ਸਕਦੀ ਹਾਂ?

## ਵਿਵਹਾਰਕ ਮੁੱਦੇ

- ਸਰਕਾਰੀ ਜਾਂ ਵਿੱਤੀ ਸਹਾਇਤਾ ਬਾਰੇ ਮੈਨੂੰ ਕੌਣ ਦੱਸ ਸਕਦਾ ਹੈ? ਕੀ ਮੇਰਾ ਪਰਿਵਾਰ ਵੀ ਮਦਦ ਪ੍ਰਾਪਤ ਕਰ ਸਕਦਾ ਹੈ?
- ਜਦੋਂ ਮੈਂ ਇਲਾਜ਼ ਲਈ ਆਉਂਦਾ/ ਆਉਂਦੀ ਹਾਂ ਤਾਂ ਮੈਂ ਕਾਰ ਕਿੱਥੇ ਖੜ੍ਹਾ ਸਕਦਾ/ਸਕਦੀ ਹਾਂ?
- ਕੀ ਮੈਂ ਅਪੰਗਤਾ ਪਾਰਕਿੰਗ ਪਰਮਿਟ ਲੈ ਸਕਦਾ ਹਾਂ? ਮੈਂ ਇਸਨੂੰ ਕਿਵੇਂ ਪ੍ਰਾਪਤ ਕਰਾਂ?
- ਜੇ ਮੈਂ ਹੁਣ ਗੱਡੀ ਨਹੀਂ ਚਲਾ ਸਕਦਾ ਤਾਂ ਕੀ ਮੈਂ ਟੈਕਸੀ ਵਾਊਚਰ ਲੈ ਸਕਦਾ ਹਾਂ?
- ਜੇ ਇਲਾਜ ਲਈ ਸਾਨੂੰ ਜਾਣਾ ਪਵੇ ਤਾਂ ਮੈਂ ਕਿੱਥੇ ਰਹਿ ਸਕਦਾ ਹਾਂ? ਕੀ ਮੇਰਾ ਪਰਿਵਾਰ ਵੀ ਰਹਿ ਸਕਦਾ ਹੈ?
- ਕੀ ਮੈਂ ਘਰ ਜਾਂ ਬਾਗ਼ਬਾਨੀ ਵਿਚ ਮਦਦ ਲੈ ਸਕਦਾ ਹਾਂ? ਕੀ ਮੈਂ ਹੋਮ ਨਰਸਿੰਗ ਦੇਖਭਾਲ ਪ੍ਰਾਪਤ ਕਰ ਸਕਦਾ ਹਾਂ?
- ਕੀ ਕੋਈ ਅਜਿਹਾ ਹੈ ਜੋ ਮੇਰੇ ਪਰਿਵਾਰ ਨੂੰ ਸਿਖਾ ਸਕਦਾ ਹੈ, ਘਰ ਵਿਚ ਮੇਰੀ ਦੇਖਭਾਲ ਕਿਵੇਂ ਕਰੇ?
- ਕੀ ਮੈਨੂੰ ਆਪਣੀਆਂ ਦਵਾਈਆਂ ਨੂੰ ਟਰੈਕ ਕਰਾਂ? ਮੈਨੂੰ ਇਹ ਕਿਵੇਂ ਕਰਨਾ ਚਾਹੀਦਾ ਹੈ?
- ਘਰ ਵਿਚ ਮੇਰੀ ਮਦਦ ਕਰਨ ਲਈ, ਸਾਜ਼-ਸਾਮਾਨ ਕਿੱਥੋਂ ਉਧਾਰ ਜਾਂ ਕਿਰਾਏ 'ਤੇ ਲੈ ਸਕਦਾ ਹਾਂ?
- ਮੈਂ ਵਿੱਗ ਜਾਂ ਬੈਂਡਾਨਾ (ਸਿਰ 'ਤੇ ਬੰਨਣ ਵਾਲਾ ਰੁਮਾਲ) ਕਿਥੋਂ ਲੈ ਸਕਦਾ ਹਾਂ?



## ਸਾਥੀਆਂ ਦਾ ਸਹਿਯੋਗ

- ਕੀ ਤੁਸੀਂ ਮੇਰਾ ਕਿਸੇ ਅਜਿਹੇ ਵਿਅਕਤੀ ਨਾਲ ਸੰਪਰਕ ਕਰਾ ਸਕਦੇ ਹੋ, ਜੋ ਇਸ ਵਿਚੋਂ ਲੰਘਿਆ ਹੈ?
- ਕੀ ਤੁਸੀਂ ਕਿਸੇ ਸਹਿਯੋਗੀ ਸਮੂਹ ਬਾਰੇ ਜਾਣਦੇ ਹੋ? ਸਹਿਯੋਗੀ ਸਮੂਹ ਕਿਵੇਂ ਕੰਮ ਕਰਦੇ ਹਨ?
- ਮੈਂ ਕਿਹੜੇ ਟੈਲੀਫੋਨ ਜਾਂ ਆਨਲਾਈਨ ਸਹਿਯੋਗੀ ਸਮੂਹਾਂ ਦੀ ਵਰਤੋਂ ਕਰ ਸਕਦਾ ਹਾਂ?

# ਵਿੱਤੀ ਮੁੱਦੇ



- ਮੇਰੀਆਂ ਡਾਕਟਰ ਨਾਲ ਮੁਲਾਕਾਤਾਂ ਲਈ ਕਿੰਨਾ ਖਰਚ ਹੋਵੇਗਾ? ਕੀ ਮੈਂ ਇਹ ਮੈਡੀਕੇਅਰ ਤੋਂ ਵਾਪਸ ਲੈ ਸਕਾਂਗਾ?
- ਕੀ ਇਲਾਜ ਜਨਤਕ ਜਾਂ ਨਿੱਜੀ ਪ੍ਰਣਾਲੀ ਵਿਚ ਵੱਖਰਾ ਹੈ? ਜੇਬ ਵਿਚੋਂ ਖ਼ਰਚ ਦਾ ਕੀ ਹਿਸਾਬ ਹੈ?
- ਮੇਰੇ ਸਿਹਤ ਬੀਮੇ ਲਈ ਮੈਨੂੰ ਕਿਹੜੇ ਦਸਤਾਵੇਜ਼ ਰੱਖਣ ਦੀ ਜ਼ਰੂਰਤ ਹੈ?
- ਜੇ ਮੇਰਾ ਪ੍ਰਾਈਵੇਟ ਸਿਹਤ ਬੀਮਾ ਕਰਨ ਵਾਲਾ ਕਿਸੇ ਚੀਜ਼ ਦਾ ਭੁਗਤਾਨ ਕਰਨ ਤੋਂ ਇਨਕਾਰ ਕਰਦਾ ਹੈ ਤਾਂ ਮੈਂ ਕੀ ਕਰ ਸਕਦਾ ਹਾਂ?
- ਕੀ ਕੋਈ ਅਜਿਹਾ ਵਿਅਕਤੀ ਹੈ ਜਿਸ ਨਾਲ ਮੈਂ ਵਿੱਤੀ ਮਾਮਲਿਆਂ ਬਾਰੇ ਗੱਲ ਕਰ ਸਕਦਾ ਹਾਂ?
- ਕੀ ਮੈਨੂੰ ਸਸਤੀਆਂ ਦਵਾਈਆਂ ਮਿਲ ਸਕਦੀਆਂ ਹਨ?
- ਕੀ ਮੈਨੂੰ ਟੈਸਟਾਂ ਜਾਂ ਇਲਾਜ ਦੇ ਖ਼ਰਚਿਆਂ ਵਿਚ ਮਦਦ ਮਿਲ ਸਕਦੀ ਹੈ?
- ਜੇ ਮੈਂ ਟੈਸਟਾਂ ਜਾਂ ਇਲਾਜ ਲਈ ਯਾਤਰਾ ਕਰਾਂ ਤਾਂ ਕੀ ਮੈਨੂੰ ਵਿੱਤੀ ਸਹਾਇਤਾ ਮਿਲ ਸਕਦੀ ਹੈ? ਕੀ ਮੇਰਾ ਪਰਿਵਾਰ ਮੇਰੇ ਨਾਲ ਯਾਤਰਾ ਕਰਨ ਲਈ ਮਾਇਕ ਸਹਾਇਤਾ ਪ੍ਰਾਪਤ ਕਰ ਸਕਦਾ ਹੈ?



- ਕੀ ਮੈਂ ਆਪਣੀ ਬਿਮਾਰੀ ਦੀ ਲਾਗਤ ਵਿੱਚ ਮਦਦ ਕਰਨ ਲਈ ਮੇਰੇ ਸੁਪਰਐਨੂਏਸ਼ਨ ਨੂੰ ਪ੍ਰਾਪਤ ਕਰ ਸਕਦਾ ਹਾਂ?
- ਕੀ ਕੋਈ ਹੋਰ ਸੰਸਥਾਵਾਂ ਹਨ, ਜੋ ਮੇਰੀ ਸਥਿਤੀ ਵਿਚਲੇ ਲੋਕਾਂ ਨੂੰ ਵਿੱਤੀ ਸਹਾਇਤਾ ਪੇਸ਼ ਕਰਦੀਆਂ ਹਨ?

# ਨੋਟਸ



# ਇਲਾਜ ਅਤੇ ਪ੍ਰਬੰਧਨ

- ਕੀ ਕੋਈ ਦਿਸ਼ਾ-ਨਿਰਦੇਸ਼ ਹਨ ਜਿਨ੍ਹਾਂ ਦੀ ਤੁਸੀਂ ਪਾਲਣ ਕਰਦੇ ਹੋ, ਜਦੋਂ ਮੇਰੀ ਕਿਸਮ ਦੇ ਟਿਊਮਰ ਵਾਲੇ ਲੋਕਾਂ ਦਾ ਇਲਾਜ ਕਰਦੇ ਹੋ?
- ਮੇਰੇ ਕੋਲ ਇਹ ਫ਼ੈਸਲਾ ਲੈਣ ਤੋਂ ਪਹਿਲਾਂ ਕਿੰਨਾ ਚਿਰ ਹੈ ਕਿ ਮੈਂ ਕਿਹੜਾ ਇਲਾਜ਼ ਕਰਵਾਉਣਾ ਹੈ?



- ਤੁਹਾਡੀ ਰਾਏ ਵਿੱਚ, ਮੇਰੇ ਲਈ ਸਭ ਤੋਂ ਵਧੀਆ ਇਲਾਜ ਕੀ ਹੈ? ਕਿਉਂ?
- ਜੇ ਮੇਰਾ ਇਲਾਜ ਕੰਮ ਨਹੀਂ ਕਰਦਾ ਤਾਂ ਮੇਰੇ ਵਿਕਲਪ ਕੀ ਹਨ?
- ਤੁਸੀਂ ਕਿਵੇਂ ਦੱਸੋਂਗੇ ਕਿ ਮੇਰਾ ਇਲਾਜ ਕਿਵੇਂ ਚੱਲ ਰਿਹਾ ਹਾਂ?
- ਮੈਨੂੰ ਕਿਵੇਂ ਪਤਾ ਲੱਗੇਗਾ ਜੇ ਮੈਨੂੰ ਇਲਾਜ ਰੋਕਣਾ ਚਾਹੀਦਾ ਹੈ?
- ਮੇਰੀ ਇਲਾਜ ਯੋਜਨਾ ਕੀ ਹੈ? ਅੱਗੇ ਕੀ ਹੋਵੇਗਾ?
- ਮੇਰੀ ਇਲਾਜ ਯੋਜਨਾ ਨੂੰ ਕੀ ਬਦਲ ਸਕਦਾ ਹੈ?
- ਜੇ ਮੈਂ ਉਨ੍ਹਾਂ ਨੂੰ ਆਪਣੇ ਆਪ ਨਹੀਂ ਲੈ ਸਕਦਾ ਤਾਂ ਮੇਰੇ ਲਈ ਡਾਕਟਰੀ ਫੈਸਲੇ ਕੌਣ ਲੈ ਸਕਦਾ ਹੈ? ਕਿਸੇ ਹੋਰ ਨੂੰ ਮੇਰੇ ਲਈ ਡਾਕਟਰੀ ਫੈਸਲੇ ਲੈਣ ਵਿੱਚ ਮਦਦ ਕਰਨ ਲਈ ਮੈਨੂੰ ਕੀ ਕਰਨ ਦੀ ਜ਼ਰੂਰਤ ਹੈ?



## ਦੂਜੀ ਰਾਏ



- ਕੀ ਤੁਸੀਂ ਮੈਨੂੰ ਦੂਜੀ ਰਾਏ ਲਈ ਕਿਸੇ ਅਜਿਹੇ ਵਿਅਕਤੀ ਕੋਲ ਭੇਜ ਸਕਦੇ ਹੋ ਜਿਸ 'ਤੇ ਤੁਸੀਂ ਭਰੋਸਾ ਕਰਦੇ ਹੋ?
- ਕੀ ਮੈਂ ਦੂਜੀ ਰਾਏ ਲੈ ਸਕਦਾ ਹਾਂ, ਭਾਵੇਂ ਕਿ ਮੈਂ ਆਪਣੇ ਇਲਾਜ ਲਈ ਤੁਹਾਡੇ ਨਾਲ ਰਹਿਣਾ ਚਾਹਾਂ?
- ਮੈਂ ਆਪਣੇ ਡਾਕਟਰੀ ਰਿਕਾਰਡ ਕਿਵੇਂ ਪ੍ਰਾਪਤ ਕਰਾਂ ਤਾਂ ਕਿ ਮੈਂ ਉਨ੍ਹਾਂ ਨੂੰ ਦੂਜੀ ਰਾਏ ਦੇਣ ਲਈ ਕਿਸੇ ਹੋਰ ਡਾਕਟਰ ਨੂੰ ਦਿਖਾਵਾਂ?

# ਨੋਟਸ



# ਵੱਖਰੇ ਇਲਾਜਾਂ ਬਾਰੇ ਪੁੱਛਣ ਲਈ ਸਵਾਲ

- ਇਸ ਇਲਾਜ ਨਾਲ ਮੇਰੇ ਲੱਛਣਾਂ ਅਤੇ ਬਚਾਅ ਦੀਆਂ ਸੰਭਾਵਨਾਵਾਂ ਕਿਵੇਂ ਪ੍ਰਭਾਵਤ ਹੋ ਸਕਦੀਆਂ ਹਨ?
- ਇਲਾਜ ਵਿਚ ਕੀ ਸ਼ਾਮਲ ਹੋਵੇਗਾ? ਮੈਨੂੰ ਕੀ ਅਨੁਭਵ ਹੋਵੇਗਾ?
- ਮੈਨੂੰ ਇਹ ਦੇਖਣ ਵਿਚ ਕਿੰਨ੍ਹਾ ਸਮਾਂ ਲਗੇਗਾ ਕਿ ਜੇਕਰ ਮੇਰਾ ਇਲਾਜ ਕੰਮ ਕਰ ਰਿਹਾ ਹੈ?
- ਇਲਾਜ ਦੇ ਦੌਰਾਨ ਜਾਂ ਇਸ ਤੋਂ ਬਾਅਦ ਮੈਨੂੰ ਕਿਹੜੇ ਟੈਸਟਾਂ ਨੂੰ ਕਰਵਾਉਣ ਦੀ ਲੋੜ ਪਵੇਗੀ?



- ਮੈਂ ਇਲਾਜ ਕਿਥੋਂ ਕਰਵਾ ਸਕਦਾ ਹਾਂ? ਕੀ ਮੈਂ ਇਹ ਘਰ ਦੇ ਨੇੜਿਉਂ ਕਰਵਾ ਸਕਦਾ ਹਾਂ? ਕੀ ਮੈਂ ਇਸਨੂੰ ਬਾਹਰੀ ਮਰੀਜ਼ ਦੇ ਤੌਰ 'ਤੇ ਰਹਿ ਕੇ ਕਰਵਾ ਸਕਦਾ ਹਾਂ?
- ਮੇਰਾ ਇਲਾਜ ਕਰਨ ਵਾਲਾ ਕੌਣ ਹੋਵੇਗਾ? ਕੀ ਇਹ ਇੱਕ ਮਾਹਰ ਹੋਵੇਗਾ?
- ਇਸ ਇਲਾਜ ਨਾਲ ਮੇਰੀ ਰੋਜ਼ਾਨਾ ਦੀਆਂ ਸਰਗਰਮੀਆਂ `ਤੇ ਕੀ ਅਸਰ ਪਵੇਗਾ? ਕੀ ਮੈਂ ਕੰਮ ਕਰਨ, ਸਫ਼ਰ ਕਰਨ ਅਤੇ ਗੱਡੀ ਚਲਾਉਣ ਦੇ ਯੋਗ ਹੋਵਾਂਗਾ?
- ਕੀ ਇਹ ਇਲਾਜ ਮੇਰੀਆਂ ਜਣਨ ਸ਼ਕਤੀ 'ਤੇ ਅਸਰ ਕਰੇਗਾ? ਮੈਂ ਆਪਣੀ ਜਣਨ ਸ਼ਕਤੀ ਦਾ ਪ੍ਰਬੰਧ ਕਿਵੇਂ ਕਰ ਸਕਦਾ ਹਾਂ?
- ਇਲਾਜ ਦੌਰਾਨ ਜਾਂ ਬਾਅਦ ਵਿੱਚ ਮੈਂ ਕੀ ਦੇਖਾਂਗਾ ਜਾਂ ਮਹਿਸੂਸ ਕਰਾਂਗਾ?
- ਇਹ ਅਸਰ ਕਿੰਨਾ ਚਿਰ ਰਹਿਣਗੇ? ਕੀ ਉਹ ਇਲਾਜ ਖਤਮ ਹੋਣ ਤੋਂ ਬਾਅਦ ਵੀ ਜਾਰੀ ਰਹਿਣਗੇ?
- ਕੀ ਅਸੀਂ ਇਲਾਜ ਦੇ ਮਾੜੇ ਅਤੇ ਵਾਧੂ ਪ੍ਰਭਾਵਾਂ ਨੂੰ ਰੋਕ ਸਕਦੇ ਹਾਂ? ਅਸੀਂ ਮਾੜੇ ਅਤੇ ਵਾਧੂ ਪ੍ਰਭਾਵਾਂ ਦਾ ਨਿਪਟਾਰਾ ਕਰਨ ਲਈ ਕੀ ਕਰ ਸਕਦੇ ਹਾਂ?

## ਸਰਜਰੀ

- ਕੀ ਤੁਸੀਂ ਪੂਰੇ ਟਿਊਮਰ ਨੂੰ ਬਾਹਰ ਕੱਢਣ ਦੀ ਯੋਜਨਾ ਬਣਾ ਰਹੇ ਹੋ?
- ਤੁਸੀਂ ਸਰਜਰੀ ਕਿਵੇਂ ਕਰੋਗੇ?
- ਕੀ ਮੈਂ ਸਰਜਰੀ ਦੌਰਾਨ ਜਾਗਦਾ ਰਹਾਂਗਾ?
- ਤੁਸੀਂ ਕਿਥੇ ਚੀਰਾ ਦਿਓਗੇ? ਇਹ ਕਿੰਨਾ ਵੱਡਾ ਹੋਵੇਗਾ?
- ਕੀ ਕੋਈ ਅਜਿਹੀ ਚੀਜ਼ ਹੈ ਜੋ ਮੇਰੀ ਸਰਜਰੀ ਲਈ ਤੁਹਾਡੀ ਯੋਜਨਾ ਨੂੰ ਬਦਲ ਸਕਦੀ ਹੈ?
- ਕੀ ਇਹ ਸਰਜਰੀ ਮੈਨੂੰ ਠੀਕ ਕਰੇਗੀ? ਕੀ ਸਰਜਰੀ ਨਾਲ ਮੇਰੇ ਲੱਛਣਾਂ 'ਤੇ ਕਾਬੂ ਪਾਉਣ ਵਿਚ ਮਦਦ ਮਿਲੇਗੀ?
- ਮੈਨੂੰ ਮੇਰੇ ਨਾਲ ਹਸਪਤਾਲ ਵਿਚ ਭਰਤੀ ਹੋਣ ਵੇਲੇ ਕੀ ਲਿਜਾਣ ਦੀ ਲੋੜ ਹੈ?
- ਜਦੋਂ ਮੈਂ ਓਪਰੇਸ਼ਨ ਤੋਂ ਬਾਅਦ ਜਾਗ ਉਠਦਾ ਹਾਂ ਤਾਂ ਮੈਂ ਕੀ ਮਹਿਸੂਸ ਕਰਾਂਗਾ? ਮੈਨੂੰ ਕਿਹੜੀਆਂ ਨਾਲੀਆਂ ਜਾਂ ਡ੍ਰਿਪਾਂ ਲੱਗੀਆਂ ਹੋਣਗੀਆਂ?




- ਸਰਜਰੀ ਤੋਂ ਬਾਅਦ ਮੈਨੂੰ ਹਸਪਤਾਲ ਵਿਚ ਕਿੰਨਾ ਸਮਾਂ ਲੱਗੇਗਾ?
- ਕਿੰਨੀ ਦੇਰ ਤੱਕ ਸਾਨੂੰ ਇਹ ਪਤਾ ਲੱਗ ਜਾਂਦਾ ਹੈ ਕਿ ਜੇਕਰ ਸਰਜਰੀ ਕਾਰਗਾਰ ਰਹੀ ਹੈ?

## ਸਰਜਰੀ ਪਿੱਛੋਂ

- ਕੀ ਤੁਸੀਂ ਪੂਰਾ ਟਿਊਮਰ ਕੱਢ ਲਿਆ ਸੀ? ਕਿਉਂ ਜਾਂ ਕਿਉਂ ਨਹੀਂ?
- ਕਿੰਨ੍ਹਾਂ ਟਿਊਮਰ ਬਚ ਗਿਆ ਹੈ? ਉਹ ਕਿਥੇ ਹੈ?


# ਮੂੰਹ ਦੁਆਰਾ ਲਈਆਂ ਜਾਣ ਵਾਲੀਆਂ ਦਵਾਈਆਂ

- ਇਹ ਗੋਲੀਆਂ ਕਿਸ ਲਈ ਹਨ?
- ਜੇ ਮੈਨੂੰ ਆਪਣੀਆਂ ਗੋਲੀਆਂ ਲੈਣ ਵਿਚ ਸਮੱਸਿਆਵਾਂ ਆ ਰਹੀਆਂ ਹਨ ਤਾਂ ਮੈਂ ਕੀ ਕਰ ਸਕਦਾ ਹਾਂ?
- ਜੇ ਮੈਂ ਕੋਈ ਖੁਰਾਕ ਖੁੰਝ ਜਾਂਦਾ ਜਾਂ ਉਲਟੀ ਰਾਹੀਂ ਬਾਹਰ ਨਿਕਲ ਜਾਂਦੀ ਹੈ ਤਾਂ ਮੈਂ ਕੀ ਕਰਾਂ?
- ਜੇ ਮੈਂ ਬਹੁਤ ਸਾਰੀਆਂ ਗੋਲੀਆਂ ਲੈ ਲੈਂਦਾ ਹਾਂ ਤਾਂ ਮੈਂ ਕੀ ਕਰਾਂ?
- ਮੈਂ ਕਿੰਨੀ ਦੇਰ ਤਕ ਇਨ੍ਹਾਂ ਦਵਾਈਆਂ ਨੂੰ ਲੈਂਦਾ ਰਹਾਂ?
- ਜਦੋਂ ਮੈਂ ਇਹਨਾਂ 'ਤੇ ਹਾਂ ਤਾਂ ਕੀ ਮੈਨੂੰ ਆਪਣੀਆ ਮੌਜੂਦਾ ਦਵਾਈਆਂ ਨੂੰ ਲੈਂਦੇ ਰਹਿਣਾ ਚਾਹੀਦਾ ਹੈ?



- ਕੀ ਇਹਨਾਂ ਦਵਾਈਆਂ ਦਾ ਮੇਰੇ ਮੌਜੂਦਾ ਮੈਡੀਕਲ ਹਾਲਾਤਾਂ 'ਤੇ ਕੋਈ ਅਸਰ ਪਵੇਗਾ?
- ਕੀ ਮੈਂ ਇਨ੍ਹਾਂ ਗੋਲੀਆਂ ਨੂੰ ਆਪਣੇ ਆਮ ਕੈਮਿਸਟ ਤੋਂ ਲੈ ਸਕਦਾ ਹਾਂ?
- ਕੀ ਮੈਨੂੰ ਸਾਰੀਆਂ ਦੁਹਰਾਈਆਂ ਜਾਣ ਵਾਲੀਆਂ ਦਵਾਈਆਂ ਨੂੰ ਉਸੇ ਸਮੇਂ ਖਰੀਦ ਲੈਣਾ ਚਾਹੀਦਾ ਹੈ? ਜਾਂ ਫਿਰ ਕੀ ਮੇਰੀ ਤਜਵੀਜ਼ ਜਾਂ ਖੁਰਾਕ ਬਦਲ ਸਕਦੀ ਹੈ?
- ਕੀ ਮੈਨੂੰ ਦੌਰਾ ਪੈਣ 'ਤੇ ਆਪਣੀ ਦੌਰੇ ਵਾਲੀ ਦਵਾਈ ਨੂੰ ਲੈਂਦੇ ਰਹਿਣਾ ਚਾਹੀਦੀ ਹੈ? ਕੀ ਮੈਨੂੰ ਖੁਰਾਕ ਬਦਲਣੀ ਚਾਹੀਦੀ ਹੈ?

# ਕੀਮੋਥੈਰੇਪੀ




- ਕੀਮੋਥੈਰੇਪੀ ਦੌਰਾਨ ਮੈਨੂੰ ਕਿਹੜੀਆਂ ਦਵਾਈਆਂ ਮਿਲਣਗੀਆਂ? ਕਿਸ ਖ਼ੁਰਾਕੀ ਮਾਤਰਾ ਵਿੱਚ?
- ਮੇਰੇ ਕੀਮੋਥੈਰੇਪੀ ਨੂੰ ਕਿਵੇਂ ਦਿੱਤਾ ਜਾਵੇਗਾ?
- ਕੀ ਮੇਰੀ ਕੀਮੋਥੈਰੇਪੀ ਦੌਰਾਨ ਜਾਂ ਬਾਅਦ ਵਿੱਚ ਮੈਨੂੰ ਆਪਣੇ ਆਪ ਨੂੰ ਬਚਾਉਣ ਲਈ ਕੁਝ ਕਰਨ ਦੀ ਲੋੜ ਪਵੇਗੀ? ਹੋਰ ਲੋਕਾਂ ਬਾਰੇ ਕੀ ਖਿਆਲ ਹੈ?
- ਕੀ ਕੀਮੋਥੈਰੇਪੀ ਦੇ ਦੌਰਾਨ ਮੈਨੂੰ ਜਨਮ ਨਿਯੰਤਰਣ ਵਰਤਣ ਦੀ ਜ਼ਰੂਰਤ ਹੁੰਦੀ ਹੈ?



## ਰੇਡੀਓਥੈਰੇਪੀ



- ਮੈਨੂੰ ਕਿਸ ਕਿਸਮ ਦੀ ਰੇਡੀਓਥੈਰੇਪੀ ਮਿਲੇਗੀ?
- ਰੇਡੀਓਥੈਰੇਪੀ ਤੋਂ ਪਹਿਲਾਂ ਮੈਨੂੰ ਕਿਹੋ ਜਿਹੀਆਂ ਪ੍ਰਕਿਰਿਆਵਾਂ ਵਿਚੋਂ ਲੰਘਣਾ ਪਵੇਗਾ?
- ਕੀ ਮੈਨੂੰ ਰੇਡੀਓਥੈਰੇਪੀ ਦੌਰਾਨ ਮਾਸਕ ਪਾਉਣ ਦੀ ਲੋੜ ਪਵੇਗੀ?
- ਕੀ ਤੁਸੀਂ ਮੈਨੂੰ ਮੇਰੇ ਇਲਾਜ ਦੌਰਾਨ ਮਦਦ ਕਰਨ ਲਈ ਆਰਾਮ-ਸਹਿਤ ਦੀ ਸਿਖਿਆ ਦੇ ਸਕਦੇ ਹੋ?
- ਰੇਡੀਓਥੈਰੇਪੀ ਦੌਰਾਨ ਮੈਂ ਆਪਣੀ ਚਮੜੀ ਦੀ ਕਿਵੇਂ ਦੇਖਭਾਲ ਕਰ ਸਕਦਾ ਹਾਂ?
- ਕੀ ਰੇਡੀਓਥੈਰੇਪੀ ਮੇਰੇ ਸੋਚ ਨੂੰ ਪ੍ਰਭਾਵਤ ਕਰੇਗੀ?


## ਹੋਰ ਇਲਾਜ

- ਕੀ ਕੋਈ ਨਵਾਂ ਇਲਾਜ ਜਾਂ ਕਲੀਨਿਕਲ ਟਰਾਇਲ ਹਨ ਜੋ ਮੇਰੀ ਮਦਦ ਕਰ ਸਕਦੇ ਹਨ? ਕੀ ਉਹ ਇੱਥੇ ਹਨ ਜਾਂ ਹੋਰ ਹਸਪਤਾਲਾਂ ਵਿਚ?
- ਮੈਂ ਨਵੇਂ ਕੈਂਸਰ ਇਲਾਜਾਂ ਬਾਰੇ ਸੁਣਿਆ ਹੈ। ਉਹ ਕੀ ਹਨ? ਕੀ ਉਹ ਮੇਰੀ ਮਦਦ ਕਰ ਸਕਦੇ ਹਨ?

ਪੁੱਛਣ ਲਈ ਸਵਾਲ

## ਇਲਾਜ ਦੌਰਾਨ ਸਿਹਤਮੰਦ ਜਿਊਣਾ

- ਕੀ ਮੈਂ ਇਲਾਜ ਦੌਰਾਨ ਕੰਮ ਕਰ ਸਕਦਾ ਹਾਂ? ਕੰਮ 'ਤੇ ਮੈਂ ਲੱਛਣਾਂ ਅਤੇ ਮਾੜੇ ਪ੍ਰਭਾਵਾਂ ਦਾ ਪ੍ਰਬੰਧ ਕਿਵੇਂ ਕਰ ਸਕਦਾ ਹਾਂ?
- ਕੀ ਇਲਾਜ ਦੌਰਾਨ ਮੈਨੂੰ ਸਿਹਤਮੰਦ ਰਹਿਣ ਵਿਚ ਮਦਦ ਕਰਨ ਲਈ ਕੋਈ ਖੁਰਾਕ-ਪੂਰਕ ਜਾਂ ਭੋਜਨ ਵਿਚ ਤਬਦੀਲੀਆਂ ਹੋਣੀਆਂ ਹਨ?



- ਕੀ ਮੈਂ ਗੱਡੀ ਚਲਾ ਸਕਦਾ ਹਾਂ ਜਦੋਂ ਮੇਰਾ ਇਲਾਜ ਹੋ ਰਿਹਾ ਹੈ?
- ਜੇ ਮੈਨੂੰ ਥਕਾਵਟ ਮਹਿਸੂਸ ਹੋਣ ਲੱਗੇ ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ? ਕੀ ਮੈਨੂੰ ਹੋਰ ਆਰਾਮ ਚਾਹੀਦਾ ਹੈ? ਜਾਂ ਫਿਰ ਕਸਰਤ ਮਦਦ ਕਰ ਸਕਦੀ ਹੈ?



- ਕੀ ਕੋਈ ਹੋਰ ਚੀਜ਼ ਹੈ ਜੋ ਮੈਂ ਇਲਾਜ ਦੌਰਾਨ ਤੰਦਰੁਸਤ ਰਹਿਣ ਲਈ ਕਰ ਸਕਦਾ ਹਾਂ?


## ਪੂਰਕ ਅਤੇ ਵਿਕਲਪਕ ਦਵਾਈਆਂ

- ਪੂਰਕ ਅਤੇ ਵਿਕਲਪਕ ਦਵਾਈਆਂ ਕੀ ਹਨ?
- ਕੀ ਕੋਈ ਪੂਰਕ ਦਵਾਈਆਂ ਹਨ ਜੋ ਮੇਰੀ ਮਦਦ ਕਰ ਸਕਦੀਆਂ ਹਨ? ਕੀ ਕੋਈ ਅਜਿਹੀਆਂ ਦਵਾਈਆਂ ਵੀ ਹਨ ਜਿ੍ਹਨਾਂ ਤੋਂ ਮੈਨੂੰ ਬਚਣਾ ਚਾਹੀਦਾ ਹੈ?
- ਮੈਨੂੰ ਕਿਵੇਂ ਪਤਾ ਲੱਗੇਗਾ ਜੇ ਕੋਈ ਵਿਕਲਪਕ ਦਵਾਈ ਸੁਰੱਖਿਅਤ ਹੈ?
- ਕੀ ਤੁਸੀਂ ਵਿਕਲਪਕ ਦਵਾਈਆਂ ਬਾਰੇ ਕਿਸੇ ਭਰੋਸੇਯੋਗ ਜਾਣਕਾਰੀ ਜਾਂ ਵੈਬਸਾਈਟਸ ਦੀ ਸਿਫ਼ਾਰਿਸ਼ ਕਰ ਸਕਦੇ ਹੋ?
- ਕੀ ਮੈਂ ਆਪਣੇ ਇਲਾਜ ਦੌਰਾਨ ਆਪਣੇ ਆਮ ਵਿਟਾਮਿਨਾਂ ਨੂੰ ਜਾਂ ਜੜੀ-ਬੂਟੀਆਂ ਦੀਆਂ ਦਵਾਈਆਂ ਲੈ ਸਕਦਾ ਹਾਂ?
- ਕੀ ਕੋਈ ਹੋਰ ਦਵਾਈਆਂ ਜੋ ਮੈਂ ਵਰਤਦਾ ਹਾਂ, ਮੇਰੇ ਡਾਕਟਰੀ ਇਲਾਜ ਨਾਲ ਸਮੱਸਿਆਵਾਂ ਕਰ ਸਕਦੀਆਂ ਹਨ?
- ਕੀ ਮੈਨੂੰ ਮੇਰੇ ਦੁਆਰਾ ਵਰਤੀਆਂ ਜਾਣ ਵਾਲੀਆਂ ਦੂਜੀਆਂ ਦਵਾਈਆਂ ਬਾਰੇ ਤੁਹਾਨੂੰ ਦੱਸਣ ਦੀ ਲੋੜ ਹੈ?



- ਕੀ ਮੇਰਾ ਵਿਕਲਪਕ ਥੈਰੇਪਿਸਟ ਮੇਰੀ ਦੇਖਭਾਲ ਬਾਰੇ ਚਰਚਾ ਕਰਨ ਲਈ ਤੁਹਾਡੇ ਨਾਲ ਸੰਪਰਕ ਕਰ ਸਕਦਾ ਹੈ?

## ਡਾਕਟਰੀ ਇਲਾਜ਼ ਦੀ ਅਜ਼ਮਾਇਸ਼



- ਕਲੀਨਿਕਲ ਟਰਾਇਲਾਂ (ਡਾਕਟਰੀ ਇਲਾਜ਼ ਅਜ਼ਮਾਇਸ਼ਾਂ) ਕੀ ਹਨ?
- ਕੀ ਕੋਈ ਕਲੀਨੀਕਲ ਟਰਾਇਲ ਹਨ ਜੋ ਮੇਰੇ ਲਈ ਕਾਰਗਰ ਹੋ ਸਕਦੇ ਹਨ?
- ਟਰਾਇਲ (ਅਜ਼ਮਾਇਸ਼) ਵਿਚ ਹੋਣ ਦਾ ਕੀ ਮਤਲਬ ਹੈ?
- ਜੇ ਮੈਂ ਟਰਾਇਲ (ਅਜ਼ਮਾਇਸ਼) ਵਿਚ ਗਿਆ ਤਾਂ ਮੈਨੂੰ ਕੀ ਭੁਗਤਾਨ ਕਰਨਾ ਪਏਗਾ?
- ਜੇ ਮੈਨੂੰ ਕੋਈ ਸਮੱਸਿਆਵਾਂ ਹੁੰਦੀ ਹਾਂ, ਜਦੋਂ ਕਿ ਮੈਂ ਟਰਾਇਲ (ਅਜ਼ਮਾਇਸ਼) ਵਿਚ ਹਾਂ, ਤਾਂ ਮੈਂ ਕਿਸ ਨਾਲ ਸੰਪਰਕ ਕਰਾਂ?

## ਪੈਲਾਟਿਵ ਕੇਅਰ (ਦਰਦਨਾਸ਼ਕ ਦੇਖਭਾਲ)

- ਪੈਲਾਟਿਵ ਕੇਅਰ ਕੀ ਹੈ?
- ਪੈਲਾਟਿਵ ਕੇਅਰ ਮੈਨੂੰ ਕੀ ਪੇਸ਼ ਕਰਦੀ ਹੈ?



- ਕੀ ਮੈਂ ਘਰ ਵਿਚ ਪੈਲਾਟਿਵ ਕੇਅਰ ਟੀਮ ਤੋਂ ਮਦਦ ਲੈ ਸਕਦਾ ਹਾਂ?



- ਕੀ ਮੈਨੂੰ ਭਵਿੱਖ ਵਿੱਚ ਹੋਰ ਇਲਾਜ ਦੀ ਜ਼ਰੂਰਤ ਹੈ? ਕਾਹਦੇ ਵਾਸਤੇ?
- ਠੀਕ ਹੋਣ ਵਿਚ ਮੇਰੀ ਮਦਦ ਲਈ ਮੈਂ ਕੀ ਕਰ ਸਕਦਾ ਹਾਂ?
- ਭਵਿੱਖ ਵਿਚ ਮੈਨੂੰ ਕਿਹੜੇ ਟੈਸਟ ਕਰਵਾਉਣ ਦੀ ਲੋੜ ਪਵੇਗੀ? ਕਾਹਦੇ ਵਾਸਤੇ? ਮੈਨੂੰ ਉਨ੍ਹਾਂ ਦੀ ਕਿੰਨੀ ਵਾਰ ਲੋੜ ਹੋਵੇਗੀ?
- ਇਲਾਜ ਖ਼ਤਮ ਕਰਨ ਤੋਂ ਬਾਅਦ ਮੈਂ ਕਿਸ ਨੂੰ ਮਿਲਾਂਗਾ? ਮੈਂ ਉਨ੍ਹਾਂ ਨੂੰ ਕਿੰਨੀ ਵਾਰੀ ਮਿਲਾਂਗਾ?
- ਜੇ ਮੈਂ ਆਪਣੇ ਟਿਊਮਰ ਵਾਪਸ ਆਉਣ ਬਾਰੇ ਚਿੰਤਤ ਹਾਂ ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ?
- ਜੇ ਮੇਰਾ ਟਿਊਮਰ ਵਾਪਸ ਆ ਜਾਵੇ ਤਾਂ ਮੈਂ ਕੀ ਇਲਾਜ ਕਰਵਾ ਸਕਦਾ ਹਾਂ?



## ਆਮ ਜੀਵਨ ਵਿੱਚ ਵਾਪਸ ਆਉਣਾ

- ਮੇਰੀ ਰਿਕਵਰੀ ਦੌਰਾਨ ਕੀ ਹੋਵੇਗਾ?
- ਮੈਨੂੰ ਆਮ ਵਾਂਗ ਵਾਪਸ ਜਾਣ ਲਈ ਕਿੰਨਾ ਸਮਾਂ ਲੱਗੇਗਾ?
- ਕੀ ਕੋਈ ਲੱਛਣ ਜਾਂ ਬਦਲਾਅ ਸਥਾਈ ਰਹਿਣਗੇ?
- ਮੇਰੇ ਜੀਵਨ ਵਿਚ ਹੋਏ ਬਦਲਾਵਾਂ ਨਾਲ ਸਿੱਝਣ ਲਈ ਮੈਂ ਕਿਸ ਨਾਲ ਗੱਲ ਕਰ ਸਕਦਾ ਹਾਂ?



- ਕੰਮ ‘ਤੇ ਵਾਪਸ ਜਾਣ ਤੋਂ ਪਹਿਲਾਂ ਮੈਨੂੰ ਕੀ ਸੋਚਣਾ ਚਾਹੀਦਾ ਹੈ?
- ਕੀ ਤੁਸੀਂ ਮੈਨੂੰ ਕੰਮ ‘ਤੇ ਵਾਪਸ ਜਾਣ ਵਿਚ ਮਦਦ ਕਰਨ ਲਈ ਕਿਸੇ ਕੋਲ ਭੇਜ ਸਕਦੇ ਹੋ?
- ਮੈਂ ਆਪਣੇ ਰੋਜ਼ਗਾਰਦਾਤਾ ਨੂੰ ਮੇਰੀ ਬਿਮਾਰੀ ਬਾਰੇ ਕੀ ਦੱਸਾਂ?
- ਮੈਂ ਫਿਰ ਤੋਂ ਗੱਡੀ ਚਲਾਉਣ ਦੇ ਯੋਗ ਕਦੋਂ ਹੋਵਾਂਗਾ?
- ਕੀ ਮੈਂ ਫਿਰ ਤੋਂ ਯਾਤਰਾ ਕਰ ਸਕਦਾ ਹਾਂ?

# ਨੋਟਸ



BRAIN TUMOUR
ALLIANCE AUSTRALIA Inc.

ਹੋਰ ਜਾਣਕਾਰੀ ਲਈ:

ਕਾਲ ਕਰੋ: 1800 857 221

ਈ - ਮੇਲ: enquiries@btaa.org.au

ਇੱਥੇ ਜਾਓ: btaa.org.au